# ਸਲਤਨਤ: ਮੋਨੋਲੌਗ ਦਾ ਸੰਗਠਨ

ਦੇਵਿੰਦਰ ਕੌਰ (ਡਾ.)

'ਸਲਤਨਤ' ਦਰਸ਼ਨ ਧੀਰ ਦਾ ਬਾਰ੍ਹਵਾਂ ਨਾਵਲ ਹੈ। ਇਸ ਤੋਂ ਪਹਿਲਾਂ ਬਰਤਾਨਵੀ ਤੇ ਭਾਰਤੀ ਸਮਾਜ ਦੀਆਂ ਸਮੱਸਿਆਵਾਂ ਨੂੰ ਉਸ ਨੇ ਆਪਣੇ ਕਈ ਨਾਵਲਾਂ ਵਿਚ ਪੇਸ਼ ਕੀਤਾ ਹੈ। ਦਰਸ਼ਨ ਧੀਰ ਦੀ ਵਿਸ਼ੇਸ਼ਤਾ ਏਸ ਗੱਲ ਵਿਚ ਵੀ ਹੈ ਕਿ ਉਹ ਪਹਿਲੀ ਪੀੜ੍ਹੀ ਦਾ ਨਾਵਲਕਾਰ ਹੋਣ ਦੇ ਬਾਵਜੂਦ ਬਰਤਾਨਵੀ ਸਮਾਜ ਦੀ ਤੀਜੀ ਪੀੜ੍ਹੀ ਤਕ ਆਪਣੇ ਵਿਸ਼ਿਆਂ ਦੀ ਪਹੁੰਚ ਕਰਦਾ ਹੈ ਤੇ ਏਸ ਪੱਖੋਂ 'ਹਾਸ਼ੀਏ' ਉਸ ਦਾ ਪ੍ਰਮੁੱਖ ਨਾਵਲ ਮੰਨਿਆ ਜਾ ਸਕਦਾ ਹੈ। 'ਹਾਸ਼ੀਏ' ਦੀ ਕਾਮਯਾਬੀ ਤੋਂ ਬਾਅਦ ਦਰਸ਼ਨ ਧੀਰ ਤੋਂ ਇਹ ਆਸ ਬੱਝਦੀ ਹੈ ਕਿ ਉਹ ਨਾਵਲੀ ਬਿਰਤਾਂਤ ਵਿਚ ਕੋਈ ਨਵੇਂ ਪ੍ਰਯੋਗ ਲੈ ਕੇ ਸਾਹਮਣੇ ਆਏਗਾ ਤੇ ਇਸ ਦੀ ਸ਼ਨਾਖਤ 'ਸਲਤਨਤ' ਨਾਵਲ ਵਿਚ ਸਹਿਜੇ ਹੀ ਹੁੰਦੀ ਹੈ। ਜਿਥੇ ਆਪਣੇ ਪਹਿਲੇ ਨਾਵਲਾਂ ਵਿਚ ਦਰਸ਼ਨ ਧੀਰ ਨੇ ਦਵੰਦਾਤਮਕ ਪਦਾਰਥਵਾਦ ਨੂੰ ਆਪਣੇ ਨਾਵਲਾਂ ਦੇ ਸਗੰਠਨ ਦਾ ਅਧਾਰ ਬਣਾਇਆ ਹੈ ਉਥੇ 'ਸਲਤਨਤ' ਨਾਵਲ ਵਿਚ ਮੋਨੋਲੌਗ ਉਸ ਦੇ ਸਮੁੱਚੇ ਨਾਵਲ ਦੇ ਬਿਰਤਾਂਤ ਦਾ ਸੰਗਠਨ ਸਿਧਾਂਤ ਬਣਦਾ ਹੈ। ਹਾਲਾਂ ਕਿ ਇਸ ਤੋਂ ਪਹਿਲਾਂ ਦੇ ਨਾਵਲਾਂ ਵਿਚ ਵੀ ਧੀਰ ਨੇ ਕਈ ਵਾਰੀ ਆਪਣੇ ਪਾਤਰਾਂ ਦੀ ਚਰਿਤਰ ਉਸਾਰੀ ਲਈ ਮੋਨੋਲੌਗ ਦੀ ਜੁਗਤ ਵਰਤੀ ਹੈ ਲੇਕਿਨ ਉਹਨਾਂ ਨਾਵਲਾਂ ਵਿਚ ਉਹ ਇਕ ਤੱਤ ਦੇ ਰੂਪ ਵਿਚ ਹੀ ਵਰਤੀ ਗਈ ਹੈ ਜਦ ਕਿ 'ਸਲਤਨਤ' ਵਿਚ ਮੋਨੋਲੌਗ ਨਾਵਲ ਦੇ ਸਮੁੱਚੇ ਸਗੰਠਨ ਦਾ ਅਧਾਰ ਬਣਦਾ ਹੈ,ਕਿਉਂਕਿ ਨਾਵਲ ਦੇ ਕਈ ਪਾਤਰਾਂ ਦੀ ਮਾਨਸਿਕਤਾ ਨੂੰ ਪੇਸ ਕਰਨ ਲਈ ਦਰਸਨ ਧੀਰ ਨੇ ਮੋਨੋਲੌਗ ਦੀ ਜੁਗਤ ਦੀ ਵਰਤੋਂ ਕੀਤੀ ਹੈ।

ਨਾਵਲ ਦੇ ਸਮੁੱਚੇ ਪਾਠ ਉਪਰਾਂਤ ਪਾਠਕ ਨੂੰ ਇਹ ਅਹਿਸਾਸ ਹੁੰਦਾ ਹੈ ਕਿ ਨਾਵਲ ਦਾ ਸਾਰਾ ਬਿਰਤਾਂਤ ਕਹਾਣੀ ਦੀ ਮੁੱਖ ਪਾਤਰ ਪੁਸ਼ਪਿੰਦਰ ਦੀ ਮਾਨਸਿਕ ਦੁਚਿੱਤੀ ਦੇ ਆਲੇ ਦੁਆਲੇ ਉਸਰਦਾ ਹੈ। ਦਰਅਸਲ ਇਸ ਨਾਵਲ ਦੀ ਕਹਾਣੀ ਹੀ ਪੁਸ਼ਪਿੰਦਰ ਦੇ ਅਪਣੇ ਪਤੀ ਦਾ ਘਰ ਛੱਡਣ ਤੋਂ ਹੁੰਦੀ ਹੈ ਅਤੇ ਉਸਤੇ ਹੀ ਖ਼ਤਮ ਹੁੰਦੀ ਹੈ । ਪੁਸ਼ਪਿੰਦਰ ਏਸ ਨਾਵਲ ਦਾ ਉਹ ਕਿਰਦਾਰ ਹੈ ਜੋ ਅੱਜ ਦੇ ਮੰਡੀਕਰਨ ਦੇ ਯੁੱਗ ਵਿਚ ਪੈਸੇ ਤੇ ਸੰਸਾਰੀ ਚਮਕ ਦਮਕ ਦੀ ਪ੍ਰਾਪਤੀ ਲਈ ਆਪਣਾ ਘਰ ਅਤੇ ਬੱਚਾ ਸਭ ਕੁਝ ਦਾਅ ਤੇ ਲਾ ਦਿੰਦਾ ਹੈ। ਪੈਸੇ ਦੀ ਖਾਤਰ ਸਭ ਤੋਂ ਪਹਿਲਾਂ ਉਹ ਆਪਣੇ ਪਤੀ ਦਾ ਘਰ ਛੱਡਦੀ ਹੈ ਤੇ ਆਪਣੇ ਬਹੁਤ ਛੋਟੇ ਜਿਹੇ ਬੱਚੇ ਨੂੰ ਨਾਲ ਲੈ ਕੇ ਉਹ ਇਕ ਗੋਰੇ ਉਦਯੋਗਪਤੀ ਹੈਨਰੀ ਜੈਕਸਨ ਦੇ ਘਰ ਚਲੇ ਜਾਂਦੀ ਹੈ। ਗੋਰਾ ਉਦਯੋਗਪਤੀ ਹੈਨਰੀ ਜੈਕਸਨ ਪੁਸ਼ਪਿੰਦਰ ਦੀ ਸੁੰਦਰਤਾ ਤੇ ਏਨਾ ਮੋਹਿਤ ਹੋ ਜਾਂਦਾ ਹੈ ਕਿ ਉਸ ਨੂੰ ਪ੍ਰਾਪਤ ਕਰਨ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤਦਾ ਹੈ। ਤੇ ਅਖੀਰ ਉਹ ਇਸ ਗੱਲ ਵਿਚ ਉਦੋਂ ਕਾਮਯਾਬ ਹੁੰਦਾ ਹੈ ਜਦੋਂ ਪੁਸ਼ਪਿੰਦਰ ਆਪਣਾ ਬਣਿਆ ਬਣਾਇਆ ਘਰ ਛੱਡ ਕੇ ਹੈਨਰੀ ਜੈਕਸਨ ਦੇ ਘਰ ਆ ਜਾਂਦੀ ਹੈ। ਇਥੋਂ ਹੀ ਪੁਸ਼ਪਿੰਦਰ ਦੀ ਮਾਨਸਿਕ ਦੁਬਿਧਾ ਦਾ ਆਰੰਭ ਹੁੰਦਾ ਹੈ ਕਿਉਂਕਿ ਪੁਸ਼ਪਿੰਦਰ ਇਕ ਐਸਾ ਭਾਰਤੀ ਕਿਰਦਾਰ ਪੇਸ਼ ਹੋਇਆ ਹੈ ਜਿਸ ਦੇ ਮਾਨਿਸਕ ਪਿਛੋਕੜ ਵਿਚ ਭਾਰਤੀ ਸਭਿਆਚਾਰਕ ਤੇ ਪਰਿਵਾਰਕ ਕਦਰਾਂ ਕੀਮਤਾਂ ਦੇ ਅਕਸ ਵੀ ਪਛਾਣੇ ਜਾ ਸਕਦੇ ਹਨ। ਇਸ ਦੁਚਿੱਤੀ ਨੂੰ ਦਰਸ਼ਨ ਧੀਰ ਨੇ ਮੋਨੋਲੌਗ ਦੀ ਵਿਧੀ ਰਾਹੀਂ ਕਈ ਥਾਵਾਂ ਜਿਵੇਂ ਪੰਨਾ 41,51, 94, 160,171 ਆਦਿ ਤੇ ਦੁਹਰਾਇਆ ਹੈ ਲੇਕਿਨ ਨਾਵਲ ਦੇ ਪੰਨਾ 161 'ਤੇ ਪੁਸ਼ਪਿੰਦਰ ਦੀ ਮਾਨਸਿਕਤਾ ਵਿਚ ਚਲ ਰਹੇ ਮੋਨੋਲੌਗ ਨੂੰ ਏਨੇ ਵਿਸਤਾਰ ਵਿਚ ਪੇਸ਼ ਕੀਤਾ ਹੈ ਕਿ ਇਹ ਸਮੁੱਚੇ ਨਾਵਲ ਦਾ ਸੰਗਠਨ ਸਿਧਾਂਤ ਬਣ ਗਿਆ ਹੈ। ਏਸ ਸਾਰੇ ਮੋਨੋਲੌਗ ਨੂੰ ਮੈਂ ਇਕ ਮਿਸਾਲ ਵਜੋਂ ਵਰਤਣਾ ਚਾਹਾਂਗੀ:-

> 'ਇਸ ਅਹਿਸਾਸ ਨਾਲ ਕਈ ਵਾਰ ਪੁਸ਼ਪਿੰਦਰ ਦੇ ਦਿਲ ਵਿਚ ਆਈ ਕਿ ਹੈਨਰੀ ਜੈਕਸਨ ਨਾਂ ਦੇ ਇਸ ਆਦਮੀ ਨੇ ਜੋ ਕੁਝ ਵੀ ਉਸ ਨੂੰ ਦਿੱਤਾ ਹੋਇਆ, ਉਸ ਸਭ ਕਾਸੇ ਨੂੰ ਲੱਤ ਮਾਰ ਕੇ ਇਥੋਂ ਚਲੀ ਜਾਵੇ। ਇਸ ਗੁਲਾਮੀ ਨਾਲੋਂ ਤਾਂ ਕੰਮ ਕਰਕੇ ਗੁਜ਼ਾਰਾ ਕਰਨਾ ਕਿਤੇ ਚੰਗਾ ਹੈ। ਗੁਲਾਮੀ ਭਰਿਆ ਜੀਵਨ ਵੀ ਕੋਈ ਜੀਵਨ ਹੁੰਦਾ। ਉਹ ਵੀ ਇਸ ਜ਼ਮਾਨੇ ਵਿਚ। ਮੈਂ ਕਿਸ ਗੱਲ ਖਾਤਰ ਮੱਧਕਾਲ ਦੀ ਇਹ ਰਹਿੰਦ ਖੂੰਹਦ ਚੁੱਕੀ ਫਿਰਦੀ ਹਾਂ। ਮੇਰੇ ਅੰਦਰ ਇਹ ਰੁਚੀ ਕਿੰਦਾਂ ਪੈਦਾ ਹੋ ਗਈ ਹੋਵੇਗੀ। ਇਹ ਉਸ ਕਾਲ ਦੀਆਂ ਗੱਲਾਂ ਸਨ ਤੇ ਉਸੇ ਜ਼ਮਾਨੇ ਵਿਚ ਹੀ ਸ਼ਾਇਦ ਸ਼ੋਭਦੀਆਂ ਹੋਣਗੀਆਂ। ਇਹ ਇਸ ਚਾਨਣੇ ਯੁੱਗ ਦੀ ਚੀਜ਼ ਨਹੀਂ। ਉਸ ਕਾਲ ਦੀ ਹੈ ਜਦ ਗਰੀਬ, ਲਾਲਚੀ ਆਲਸੀ ਕਿਸਮ ਦੀਆਂ ਔਰਤਾਂ ਅਮੀਰਾਂ, ਜਗੀਰਦਾਰਾਂ, ਰਾਣਿਆਂ, ਰਾਜਿਆਂ, ਮਹਾਂਰਾਜਿਆਂ ਦੀਆਂ ਰਖੇਲਾਂ ਬਣ ਕੇ ਖੁਸ਼ ਹੁੰਦੀਆਂ ਸਨ। ਤੇ ਰਹਿੰਦੀਆਂ ਵੀ ਸਨ। ਉਹ ਇਸ ਸੋਚ ਧਾਰਾ ਵਿਚ ਹੀ ਵਹਿ ਰਹੀ ਸੀ ਕਿ ਉਹਦੇ ਅੰਦਰੋਂ ਕੋਈ ਹੋਰ ਬੋਲ ਪਈ,
>
> "ਇਹਨੂੰ ਛੱਡ ਕੇ ਹੁਣ ਕਿਹੜੇ ਡੈਡੀ ਦੇ ਘਰ ਜਾਏਂਗੀ? ਹੈ ਕੋਈ ਤੇਰਾ ਟਿਕਾਣਾ?"
>
> "ਹੈ ਕਿਉਂ ਨਹੀਂ!"
>
> "ਕਿੱਥੇ ਆ?"
>
> "ਜੇ ਮੈਂ ਹੋਰ ਕਿਤੇ ਨਹੀਂ ਜਾ ਸਕਦੀ ਤਾਂ ਆਪਣੇ ਜਾਇਆਂ ਦੇ ਘਰ ਤਾਂ ਜਾ ਹੀ ਸਕਦੀ ਆਂ। ਨਹੀਂ?"
>
> "ਹੁਣ ਤੇਰਾ ਡੈਡ ਤੈਨੂੰ ਘਰ ਪੈਰ ਪਾ ਲੈਣ ਦੇਵੇਗਾ?" ਉਸੇ ਵੇਲੇ ਇਹ ਪ੍ਰਸ਼ਨ ਠਾਹ ਦੇਣੀ ਉਹਦੇ ਮੱਥੇ

ਵਿਚ ਆ ਵੱਜਾ।
ਇਸ ਅਹਿਸਾਸ ਨਾਲ ਪੁਸ਼ਪਿੰਦਰ ਹੱਥ ਮਲਦੀ ਰਹਿ ਗਈ। ਜਦ ਰਤਾ ਸੰਭਲੀ ਤਾਂ ਉਸ ਘੜੀ ਨੂੰ ਪਛਤਾਉਣ ਲੱਗ ਪਈ ਜਦ ਲਾਲਸਾ ਦੇ ਅੰਨੇ ਘੋੜੇ ਤੇ ਸਵਾਰ ਹੋਈ ਆਪਣੇ ਚੰਗੇ ਭਲੇ ਵਸਦੇ ਰਸਦੇ ਘਰ ਏਨੇ ਸਾਊ ਤੇ ਇਮਾਨਦਾਰ ਹਸਬੈਂਡ ਨੂੰ ਛੱਡ ਕੇ ਏਹਦੇ ਮਗਰ ਭੱਜ ਆਈ ਸੀ। ਜੇ ਕਿਤੇ ਓਸ ਵੇਲੇ ਇਸ ਗੱਲ ਦਾ ਅਹਿਸਾਸ ਹੋ ਜਾਂਦਾ ਕਿ ਭਵਿੱਖ ਵਿਚ ਮੇਰੇ ਨਾਲ ਇਸ ਤਰ੍ਹਾਂ ਹੋਣੀ ਹੈ ਤਾਂ ਆਪਣੇ ਘਰੋਂ ਕਦੇ ਪੈਰ ਬਾਹਰ ਨਾ ਰੱਖਦੀ।"

( ਸਲਤਨਤ, ਪੰਨਾ, 161 )

ਉਪਰੋਕਤ ਮੋਨੋਲੌਗ ਨਾਵਲ ਦਾ ਸੰਗਠਨ ਸਿਧਾਂਤ ਇਸ ਕਰਕੇ ਬਣਦਾ ਹੈ ਕਿ ਨਾਵਲ ਦੀ ਸਮੁੱਚੀ ਕਹਾਣੀ ਇਸ ਦੇ ਦੁਆਲੇ ਘੁੰਮਦੀ ਹੈ। ਹਾਲਾਂਕਿ ਇਸ ਤੋਂ ਪਹਿਲੋਂ ਜਦੋਂ ਪੁਸ਼ਪਿੰਦਰ ਹੈਨਰੀ ਜੈਕਸਨ ਦੇ ਘਰ ਆਪਣੇ ਬੱਚੇ ਨੂੰ ਲੈ ਜਾ ਕੇ ਰਹਿੰਦੀ ਹੈ ਤਾਂ ਉਹ ਆਪਣੀ ਨੌਕਰਾਣੀ ਨੂੰ ਬੱਚੇ ਨੂੰ ਖਤਮ ਕਰਨ ਲਈ ਹੈਰੋਇਨ ਦੁੱਧ ਵਿਚ ਮਿਲਾ ਕੇ ਹਰ ਰੋਜ਼ ਦੇਣ ਦਾ ਹੁਕਮ ਦੇਂਦਾ ਹੈ ਜਿਸ ਦਾ ਪਤਾ ਕੁਝ ਦਿਨਾਂ ਬਾਅਦ ਪੁਸ਼ਪਿੰਦਰ ਨੂੰ ਲਗਦਾ ਹੈ ਲੇਕਿਨ ਪੁਸ਼ਪਿੰਦਰ ਗੁੱਸੇ ਵਿਚ ਆਉਣ ਦੇ ਬਾਵਜੂਦ ਵੀ ਥੋੜੇ ਦਿਨਾਂ ਲਈ ਹੀ ਹੈਨਰੀ ਜੈਕਸਨ ਦਾ ਘਰ ਛੱਡਦੀ ਹੈ ਤੇ ਜਦੋਂ ਮਾਪਿਆਂ ਦੇ ਘਰ ਉਸ ਦਾ ਕੋਈ ਟਿਕਾਣਾ ਨਹੀਂ ਬਣਦਾ ਤੇ ਫੇਰ ਉਸ ਬੱਚੇ ਨੂੰ ਲੈ ਕੇ ਵਾਪਸ ਹੈਨਰੀ ਜੈਕਸਨ ਦੇ ਘਰ ਆ ਜਾਂਦੀ ਹੈ। ਇਸ ਤਰਾਂ ਜਾਣਦੀ ਬੁੱਝਦੀ ਉਹ ਆਪਣੇ ਬੱਚੇ ਨੂੰ ਫਿਰ ਮੌਤ ਦੇ ਮੂੰਹ ਵਲ ਲੈ ਜਾਂਦੀ ਹੈ। ਕੀ ਅਮੀਰੀ ਦੀ ਚਮਕ ਦਮਕ ਅਤੇ ਅਰਾਮਦਾਇਕ ਐਸ਼ ਪ੍ਰਸਤੀ ਦੀ ਜ਼ਿੰਦਗੀ ਉਸ ਲਈ ਐਡੀ ਵੱਡੀ ਹੋ ਜਾਂਦੀ ਹੈ ਕਿ ਬੱਚੇ ਦੀ ਜ਼ਿੰਦਗੀ ਦੇ ਅਣਸੁਰੱਖਿਅਤ ਭਵਿੱਖ ਨੂੰ ਵੀ ਉਹ ਗਲੇ ਲਗਾ ਲੈਂਦੀ ਹੈ। ਇਥੋਂ ਤਾਂ ਇਹ ਜਾਪਦਾ ਹੈ ਕਿ ਪੁਸ਼ਪਿੰਦਰ ਕਿਸੇ ਬਿਮਾਰ ਮਾਨਸਿਕਤਾ ਦੀ ਸ਼ਿਕਾਰ ਹੈ । ਇਸ ਬਿਮਾਰ ਮਾਨਸਿਕਤਾ ਨੂੰ ਆਤੰਕਵਾਦ ਦਾ ਰੂਪ ਦੇਣ ਲਈ ਲੇਖਕ ਭਾਰਤ ਵਿਚ ਵਾਪਰੇ 1984 ਦੇ ਇਤਹਾਸਿਕ ਹਾਦਸੇ ਵਿਚੋਂ ਉਪਜੇ ਆਤੰਕ ਨੂੰ ਇਕ ਸਮਰੂਪ ਕਥਾ ਦੇ ਬਿਆਨ ਦੀ ਜੁਗਤ ਦਾ ਸਹਾਰਾ ਲੈਂਦਾ ਹੈ। ਜਿਸ ਤੋਂ ਲੇਖਕ ਪੁਸ਼ਪਿੰਦਰ ਦੇ ਬਿਮਾਰ ਕਿਰਦਾਰ ਦਾ ਤਰਕ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਪੁਸ਼ਪਿੰਦਰ ਇਸ ਨਾਵਲ ਵਿਚ ਵਾਰ ਵਾਰ ਮਾਨਸਿਕ ਦਵੰਧ ਵਿਚੋਂ ਗੁਜ਼ਰਦੀ ਹੈ। ਉਸ ਦੀ ਸੋਚ ਪਟੜੀ ਤੋਂ ਲੱਥੀ ਹੋਈ ਸੋਚ ਹੈ ਜਿਹੜੀ ਕਦੇ ਉਸ ਦਾ ਮਾਨਸਿਕ ਸੰਤੁਲਨ ਨਹੀਂ ਬਣਨ ਦਿੰਦੀ। ਹਾਲਾਂਕਿ ਕਈ ਵਾਰ ਉਹ ਕਿਸੇ ਮੋਨੋਲੌਗ ਰਾਹੀਂ ਆਪਣੇ ਅੱਗੇ ਸਵਾਲ ਵੀ ਖੜ੍ਹੇ ਕਰਦੀ ਹੈ। ਮਿਸਾਲ ਵਜੋਂ:-

"ਮੈਨੂੰ ਕਿਸ ਗੱਲ ਦੀ ਘਾਟ ਸੀ ਜਿਹੜੀ ਉਹਦੇ ਵੱਲ ਖਿਚੀ ਗਈ! ਕੀ ਇਸ ਗੱਲ ਦਾ ਕਾਰਨ ਉਹਦੇ ਚਿਹਰੇ ਦੀ ਚਮਕ ਸੀ ਜਾਂ ਮਿੱਠੀ ਜ਼ਬਾਨ ਸੀ ਜਾਂ ਉਹਦਾ ਉੱਚਾ-ਲੰਮਾ ਕੱਦ-ਕਾਠ ਸੀ ਜਾਂ ਰਾਜਿਆਂ ਰਾਣਿਆਂ ਵਾਂਗ ਉਹਦੇ ਕੋਲ ਬੇਓੜਕ ਧਨ ਦਾ ਹੋਣਾ ਕਿਹਾ ਜਾ ਸਕਦਾ ਏ? ਕੀ ਦੌਲਤ ਜਾਂ ਆਦਮੀ ਦਾ ਕੱਦ-ਕਾਠ ਤੇ ਚਿਹਰੇ ਦੀ ਚਮਕ ਦਮਕ ਹੀ ਉਹਦੇ ਵਧੀਆ ਮਨੁੱਖ ਹੋਣ ਦੀ ਨਿਸ਼ਾਨੀ ਕਹੀ ਜਾ ਸਕਦੀ ਆ? ਜੇ ਨਹੀਂ ਤਾਂ ਉਹਦੇ 'ਚ ਅਜਿਹੀ ਹੋਰ ਕਿਹੜੀ ਚੀਜ਼ ਆ ਜਿਹਦੇ 'ਤੇ ਮੇਰਾ ਦਿਲ ਡੁਲ੍ਹ ਗਿਆ ਸੀ?"

( ਉਹੀ, ਪੰਨਾ, 41 )

ਮਾਨਸਿਕ ਸੰਤੁਲਨ ਦੇ ਅਸੰਤੁਲਨ ਦੀਆਂ ਕਈ ਮਿਸਾਲਾਂ ਇਸ ਨਾਵਲ ਦੇ ਵਿਚ ਪੁਸ਼ਪਿੰਦਰ ਦੇ ਨਾਲ ਸਬੰਧਿਤ ਮੋਨੋਲੌਗਾਂ ਵਿਚ ਖਿਲਰੀਆਂ ਪਈਆਂ ਹਨ। ਇਸੇ ਅਸੰਤੁਲਨ ਵਿਚੋਂ ਕਦੇ ਉਹ ਮਾਪਿਆਂ ਦੇ ਘਰ ਜਾਂਦੀ, ਕਦੇ ਹੈਨਰੀ ਜੈਕਸਨ ਵਲ ਵਾਪਸ ਮੁੜਦੀ ਤੇ ਕਦੇ ਆਪਣੇ ਪਤੀ ਕੋਲ ਵਾਪਸ ਜਾਣ ਦੀ ਸੋਚ ਰੱਖਦੀ, ਆਪਣੀ ਜ਼ਿੰਦਗੀ ਨੂੰ ਏਨਾ ਉਲਝਾ ਲੈਂਦੀ ਹੈ ਕਿ ਉਸ ਨੂੰ ਕਿਤੇ ਵੀ ਕੋਈ ਰਾਹ ਦਿਖਾਈ ਨਹੀਂ ਦਿੰਦਾ। ਬੜੀ ਅਜੀਬ ਗੱਲ ਇਹ ਵਾਪਰਦੀ ਹੈ ਕਿ ਬਰਤਾਨਵੀ ਸਮਾਜ ਵਿਚ ਰਹਿ ਰਹੀ ਇਹ ਭਾਰਤੀ ਔਰਤ ਗੋਰੇ ਅਮੀਰ ਉਦਯੋਗਪਤੀ ਦੀਆਂ ਸਾਰੀਆਂ ਵਧੀਕੀਆਂ ਸਹਿੰਦੀ ਹੋਈ ਇਸ ਡਰ ਨਾਲ ਉਹਦਾ ਘਰ ਨਹੀਂ ਛੱਡਦੀ ਕਿ ਕਿਥੇ ਜਾਏਗੀ? ਜਦ ਕਿ ਨਾਵਲ ਦੇ ਆਰੰਭ ਵਿਚ ਨਾਵਲਕਾਰ ਨੇ ਦਿਖਾਇਆ ਹੈ ਕਿ ਪੁਸ਼ਪਿੰਦਰ ਹੈਨਰੀ ਜੈਕਸਨ ਕੋਲ ਨੌਕਰੀ ਕਰਦੀ ਹੈ। ਇਕ ਨੌਕਰੀ ਕਰਨ ਦੇ ਕਾਬਲ ਕੁੜੀ ਇਸ ਡਰ ਤੋਂ ਕਿਸੇ ਅਮੀਰ ਦਾ ਘਰ ਨਾ ਛੱਡੇ ਕਿ ਉਹ ਕਿੱਥੇ ਜਾਏਗੀ, ਪੁਸ਼ਪਿੰਦਰ ਦੇ ਮਾਨਸਕਿ ਅਸੰਤੁਲਨ ਵਲ ਹੀ ਸੰਕੇਤ ਕਰਦਾ ਹੈ। ਇਸ ਨਾਵਲ ਵਿਚਲੀ ਪੁਸ਼ਪਿੰਦਰ ਏਨੀ ਲਾਲਚੀ ਜਾਂ ਸੋਚ ਹੀਣ ਪੇਸ਼ ਹੋਈ ਹੈ ਕਿ ਆਪਣੇ ਪੁੱਤਰ ਦੇ ਭਵਿੱਖ ਨੂੰ ਸੁਰੱਖਿਅਤ ਨਾ ਸਮਝਦੇ ਹੋਏ ਵੀ ਉਹ ਉਸ ਗੋਰੇ ਦੇ ਘਰ ਟਿਕੀ ਰਹਿੰਦੀ ਹੈ ਤੇ ਉਸ ਦੀ ਸਲਤਨਤ ਜਾਣੀ ਕਿ ਉਸ ਦੀ ਸਾਰੀ ਜਾਇਦਾਦ ਨੂੰ ਹੜੱਪ ਕਰਨ ਲਈ ਉਹ ਸਮੇਂ ਦੀ ਇੰਤਜ਼ਾਰ ਕਰਦੀ ਹੈ। ਸੋ ਨਾਵਲ ਦੇ ਇਸ ਕਿਰਦਾਰ ਦਾ ਮਮਤਾ ਪਖੋਂ ਇਹ ਬੜਾ ਗੈਰ ਸੁਭਾਵਿਕ ਪੱਖ ਹੈ ਪਰੰਤੂ ਬਿਮਾਰ ਮਾਨਸਿਕਤਾ ਦੀ ਤਰਜਮਾਨੀ ਕਰਨ ਵਾਲਾ ਪਾਤਰ ਜ਼ਰੂਰ ਬਣਦਾ ਹੈ ਜੋ ਨਾਵਲਕਾਰ ਨੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ।

ਨਾਵਲਕਾਰ ਪੁਸ਼ਪਿੰਦਰ ਦੇ ਇਸ ਸੁਭਾਅ ਦਾ ਕਾਰਨ ਉਸ ਆਤੰਕ ਵਿਚੋਂ ਲੱਭਦਾ ਹੈ ਜੋ ਕਿ ਹਿੰਦੁਸਤਾਨ ਵਿਚ ਵਾਪਰਿਆ ਹੈ ਤੇ ਇਸੇ ਦੇ ਨਾਲ ਹੀ ਉਹ ਪੁਸ਼ਪਿੰਦਰ ਦੇ ਇਕ ਭਰਾ ਮੱਖਣ ਸਿੰਘ ਨੂੰ ਵੀ ਆਤੰਕਵਾਦੀ ਬਣਦਾ ਦਿਖਾਉਂਦਾ ਹੈ। ਮਖਣ ਸਿੰਘ ਦੇ ਆਤੰਕਵਾਦੀ ਬਣਨ ਦੀ ਗਲ ਤਾਂ ਸਮਝ ਆਉਂਦੀ ਹੈ ਲੇਕਿਨ ਆਤੰਕਵਾਦ ਦੀ ਇਸ ਸੋਚ ਨੂੰ ਨਾਵਲਕਾਰ ਨੇ ਪੁਸ਼ਪਿੰਦਰ ਦੇ ਭਰਾ ਜਸਵੀਰ ਦੇ ਹੇਠ ਲਿਖਿਤ ਕਥਨਾਂ ਰਾਹੀਂ ਜਸਵੀਰ ਅਤੇ ਪੁਸ਼ਪਿੰਦਰ ਦੇ ਪਤੀ ਜਗਜੀਤ ਦੀ ਆਪਸੀ ਵਾਰਤਾਲਾਪ ਰਾਹੀਂ ਪੁਸ਼ਪਿੰਦਰ ਅਤੇ ਹੈਨਰੀ ਜੈਕਸਨ ਦੇ ਕਿਰਦਾਰ ਤੇ ਵੀ ਲਾਗੂ ਕੀਤਾ ਹੈ ਜੋ ਕਿਰਦਾਰ ਦੇ ਸਮੁੱਚੇ ਰਚਨਾ ਕਾਰਜ ਵਿਚੋਂ ਉਜਾਗਰ ਹੋਣ ਦੀ ਥਾਂ ਜ਼ਬਰਦਸਤੀ ਥੋਪਿਆ ਜਾਪਦਾ ਹੈ:-

> "ਹਾਂ, ਇਹ ਵੀ ਆਤੰਕਵਾਦ ਹੀ ਆ ਤੇ ਭਾ ਜੀ ਮੱਖਣ ਹੁਰੀਂ
> ਵੀ ਅਤੰਕਵਾਦੀ ਹੀ ਨੇ। ਹੈਨਰੀ ਜੈਕਸਨ ਵੀ ਆਤੰਕਵਾਦੀ
> ਈ ਆ। ਪੁਸ਼ਪਿੰਦਰ ਵੀ ਅਚੇਤ ਰੂਪ 'ਚ ਏਸੇ ਨਾਮੁਰਾਦ
> ਬਿਮਾਰੀ ਨੂੰ ਆਪਣੇ ਅਵਚੇਤਨ ਵਿਚ ਸਾਂਭੀ ਬੈਠੀ ਆ ।
> ਬੇਸ਼ਕ ਉਹਨੂੰ ਇਸ ਗੱਲ ਦਾ ਪਤਾ ਨਹੀਂ ਕਿ ਉਹ ਆਤੰਕ
> ਵਾਦਣ ਏ।"
>
> ( ਉਹੀ, ਪੰਨਾ, 237 )

ਜੇਕਰ ਲੇਖਕ ਇਸ ਪਰਿਭਾਸ਼ਾ ਨੂੰ ਪਾਤਰਾਂ ਤੇ ਲਾਗੂ ਨਾ ਕਰਦਾ ਤਾਂ ਨਾਵਲ ਦੀ ਕਹਾਣੀ ਸਹਿਜ ਹੋਣੀ ਸੀ ਅਤੇ ਨਾਵਲ ਦੇ ਇਹਨਾਂ ਕਿਰਦਾਰਾਂ ਦੇ ਆਪੋ ਆਪਣੇ ਚਰਿਤਰ ਸੁਭਾਵਿਕ ਰੂਪ ਵਿਚ ਉਸਰਨੇ ਸਨ। ਵੈਸੇ ਵੀ ਇਸ ਪਰਿਭਾਸ਼ਾ ਨੂੰ ਇਸ ਢੰਗ ਨਾਲ ਥੋਪਣ ਦੀ ਲੋੜ ਵੀ ਨਹੀਂ ਸੀ। ਕਿਉਂਕਿ ਜਸਵੀਰ ਦੇ ਵਾਰਤਾਲਾਪ ਰਾਹੀਂ ਪੇਸ਼ ਉਪਰੋਕਤ ਕਥਨ ਪਾਤਰ ਦੇ ਘੱਟ ਅਤੇ ਲੇਖਕ ਦੇ ਜ਼ਿਆਦਾ ਲਗਦੇ ਹਨ ਕਿਉਂਕਿ ਆਤੰਕ ਦੀ ਇਹ ਪਰਿਭਾਸ਼ਾ ਮਨੋਵਿਗਿਆਨ ਦੇ ਲੈਕਚਰਾਰ ਕੋਲੋਂ ਦਿਤੀ ਹੋਈ ਏਨੀ ਹਾਸੋਹੀਣੀ ਲਗਦੀ ਹੈ ਕਿ ਜਸਵੀਰ ਨੂੰ ਵੀ ਹਾਸੋਹੀਣਾ ਕਿਰਦਾਰ ਬਣਾ ਦੇਂਦੀ ਹੈ। ਜਸਵੀਰ ਇਸ ਨਾਵਲ ਦਾ ਸਹਿਜ ਪਾਤਰ ਨਾ ਹੋ ਕੇ ਨਾਵਲਕਾਰ ਦੇ ਹੱਥ ਦੀ ਕਠਪੁਤਲੀ ਜਾਪਣ ਲਗ ਪੈਂਦਾ ਹੈ। ਵੈਸੇ ਵੀ ਲੇਖਕ ਦਵਾਰਾ ਪੇਸ਼ ਮਨੋਵਿਗਿਆਨਕ ਅਧਾਰ ਕਿੰਨਾ ਕੁ ਸਹੀ ਹੈ ਇਹ ਇਕ ਸਵਾਲੀਆ ਨਿਸ਼ਾਨ ਹੈ। ਇਸ ਸਵਾਲ ਨੂੰ ਮੈਂ ਸਰੋਤਿਆਂ ਲਈ ਬਹਿਸ ਦੇ ਮੁੱਦੇ ਵਜੋਂ ਛੱਡਦੀ ਹਾਂ।

ਜਿਥੋਂ ਤਕ ਹੈਨਰੀ ਜੈਕਸਨ ਦੇ ਚਰਿੱਤਰ ਦਾ ਸਵਾਲ ਹੈ ਉਸ ਨੂੰ ਲੈ ਕੇ ਕਈ ਸਵਾਲ ਖੜੇ ਹੁੰਦੇ ਹਨ। ਸਾਂਡਰਾ ਦਾ ਪੁਸ਼ਪਿੰਦਰ ਨੂੰ ਇਹ ਕਹਿਣਾ ਕਿ ਉਸ ਵਰਗੀਆਂ ਹੈਨਰੀ ਜੈਕਸਨ ਕੋਲ ਬਹੁਤ ਆਉਂਦੀਆਂ ਹਨ, ਹੈਨਰੀ ਨੂੰ ਅਯਾਸ਼ ਬੰਦਾ ਸਾਬਤ ਕਰਦਾ ਹੈ ਪਰ ਬਾਅਦ ਵਿਚ ਉਸ ਦੇ ਅਯਾਸ਼ੀ ਕਿਰਦਾਰ ਦੀ ਕਿਧਰੇ ਵੀ ਥਾਹ ਨਹੀਂ ਪੈਂਦੀ। ਇਹ ਵੀ ਗੱਲ ਸ਼ੱਕ ਵਾਲੀ ਹੈ ਕਿ ਇਕ ਉਦਯੋਗਪਤੀ ਪੁਸ਼ਪਿੰਦਰ ਦੀ ਬਿਮਾਰ ਮਾਨਸਿਕਤਾ ਨੂੰ ਸਮਝਣੋਂ ਅਸਮਰਥ ਹੈ ਤੇ ਉਮਰ ਦੇ ਕਈ ਸਾਲ ਉਹ ਪੁਸ਼ਪਿੰਦਰ ਦੇ ਨਾਲ ਟਿਕਿਆ ਰਹਿੰਦਾ ਹੈ ਤੇ ਆਪਣਾ ਸਭ ਕੁਝ ਬੜੀ ਅਸਾਨੀ ਨਾਲ ਉਹਦੇ ਨਾਂ ਕਰ ਦਿੰਦਾ ਹੈ। ਉਸ ਬੱਚੇ ਨੂੰ ਵੀ ਝੱਲਦਾ ਹੈ ਜਿਹੜਾ ਉਸ ਉਪਰ ਦੋ ਵਾਰ ਜਾਨ ਲੇਵਾ ਹਮਲਾ ਕਰਦਾ ਹੈ। ਇਕ ਐਡੇ ਵੱਡੇ ਉਦਯੋਗਪਤੀ ਨੂੰ ਏਨਾ ਹੀ ਸਮਝਹੀਣ ਪੇਸ਼ ਕਰਨਾ ਵੀ ਬੜਾ ਗੈਰ ਸੁਭਾਵਿਕ ਜਾਪਦਾ ਹੈ। ਵੈਸੇ ਵੀ ਹੈਨਰੀ ਜੈਕਸਨ ਦੇ ਮੂੰਹੋਂ ਹੇਠ ਲਿਖਿਤ ਕਥਨ ਬਾਰ ਬਾਰ ਅਖਵਾਏ ਗਏ ਹਨ:-

> "ਮੈਂ ਇਸ ਨੂੰ ਅਜੇਹਾ ਰੋਲਾਂਗਾ ਕਿ ਜੇ ਇਹ ਬਿੱਚ ਗਲੀਆਂ ਦੀ
> ਖਾਕ ਛਾਣਨਜੋਗੀ ਨਾ ਬਣ ਕੇ ਰਹਿ ਗਈ ਤਾਂ ਮੇਰਾ ਨਾਂ ਹੈਨਰੀ
> ਨਾ ਹੋਇਆ, ਕੋਈ ਜੈਕ, ਟੋਨੀ, ਹੈਰੀ, ਲਾਰੀ ਹੋਇਆ।"
> ( ਉਹੀ, ਪੰਨਾ, 45 )

ਉਪਰੋਕਤ ਕਥਨ ਦੀ ਸੁਰ ਪੰਜਾਬੀ ਜਾਪਦੀ ਹੈ। ਨਾਵਲ ਵਿਚ ਹੈਨਰੀ ਜੈਕਸਨ ਜਿਸ ਢੰਗ ਨਾਲ ਪੁਸ਼ਪਿੰਦਰ ਨਾਲ ਪੇਸ਼ ਆਉਂਦਾ ਹੈ ਇਕ ਗੋਰੇ ਉਦਯੋਗਪਤੀ ਪਾਤਰ ਦਾ ਕਿਰਦਾਰ ਘੱਟ ਅਤੇ ਕਿਸੇ ਹਿੰਦੁਸਤਾਨੀ ਦਫ਼ਤਰ ਦਾ ਬੌਸ ਵਧੇਰੇ ਜਾਪਦਾ ਹੈ। ਉਸਦਾ ਕਾਰਨ, ਲੇਖਕ ਦਾ ਪਾਤਰਾਂ ਨੂੰ ਹਾਲਾਤ ਮੁਤਾਬਿਕ ਕਾਰਜ ਵਿਚ ਪਾਉਣਾ ਘੱਟ ਅਤੇ ਆਪਣੀ ਸੋਚ ਮੁਤਾਬਿਕ ਉਹਨਾਂ ਦੇ ਕਿਰਦਾਰ ਨੂੰ ਦਿਸ਼ਾ ਦੇਣੀ ਜ਼ਿਆਦਾ ਮਹਿਸੂਸ ਹੁੰਦਾ ਹੈ। ਇੰਗਲੈਂਡ ਵਿਚ ਕੋਈ ਵੀ 'ਸਰ' ਜਾਂ 'ਮੈਡਮ' ਸ਼ਬਦ ਦੀ ਵਰਤੋਂ ਨਹੀਂ ਕਰਦਾ। ਜਿਨਾ ਕੁ ਮੇਰਾ ਤਜਰਬਾ ਹੈ ਹਰੇਕ ਨੂੰ ਏਥੇ ਉਸਦੇ ਪਹਿਲੇ ਨਾਂ ਨਾਲ ਬੁਲਾਇਆ ਜਾਂਦਾ ਹੈ। ਲੇਕਿਨ ਲੇਖਕ ਨੇ ਪੁਸ਼ਪਿੰਦਰ ਦੀ ਮਾਨਸਿਕਤਾ ਨੂੰ ਮੋਨੋਲੌਗ ਦੀ ਵਰਤੋਂ ਰਾਹੀਂ ਕੁਝ ਇਸ ਤਰਾਂ ਪੇਸ਼ ਕੀਤਾ ਹੈ:-

> "ਇਕ ਵਾਰੀ ਦਿਲ ਵਿਚ ਆਈ ਕਿ ਕੰਮ ਛੱਡ ਦੇਵੇ। ਪਰ ਫਿਰ
> ਸੋਚਿਆ ਕਿ ਇੰਨੀ ਵਧੀਆ ਜੌਬ ਹੋਰ ਕਿਥੇ ਮਿਲਣੀ ਹੈ। ਉਹ
> ਇਸ ਗੱਲ ਬਾਰੇ ਸੋਚ ਦੇ ਘੋੜੇ ਇਧਰ ਉਧਰ ਦੁੜਾ ਹੀ ਰਹੀ

ਸੀ ਕਿ ਉਹਦੇ ਅੰਦਰੋਂ ਕਿਸੇ ਨੇ ਕਿਹਾ, "ਆਮ ਜਿਹਾ ਕੰਮ
ਕਰਨ 'ਚ ਕੀ ਸਵਾਦ ਏ? ਐਵੇ ਜਣੇ ਖਣੇ ਨੂੰ ਸਰ ਸਰ ਕਰਦੇ
ਫਿਰੋ! ਇਥੇ ਮੈਨਜਰਜ਼ ਵੀ ਮੈਡਮ ਮੈਡਮ ਕਰਦੇ ਅੱਗੇ ਪਿਛੇ
ਫਿਰਦੇ ਆ।"

( ਉਹੀ, ਪੰਨੇ, 55-56 )

ਅਸੁਭਾਵਿਕਤਾ ਦੀ ਇਕ ਹੋਰ ਮਿਸਾਲ ਇਹ ਕਿ ਉਹ ਕਈ ਵਾਰੀ ਪੁਸ਼ਪਿੰਦਰ ਨੂੰ ਬਿੱਚ ਕਹਿੰਦਾ ਹੈ ਅਤੇ ਉਸ ਕੋਲੋਂ ਬਦਲਾ ਲੈਣ ਦੀ ਸੋਚ ਰਖਦਾ ਹੈ ਜਿਸਨੂੰ ਸਮੁੱਚੇ ਨਾਵਲ ਵਿਚ ਕਿਧਰੇ ਵੀ ਅਮਲ ਵਿਚ ਨਹੀਂ ਲਿਆਂਦਾ ਅਤੇ ਆਪਣੀ ਇਸ ਸੋਚ ਨੂੰ ਨੇਸ਼ਨ ਦੀ ਸੋਚ ਦਸਦਾ ਹੈ। ਦਰਅਸਲ ਇਹ ਸੋਚ ਲੇਖਕ ਦੀ ਹੈ ਜਿਸਨੂੰ ਗੋਰੇ ਪਾਤਰ ਦੀ ਸੋਚ ਬਣਾ ਕੇ ਪੇਸ਼ ਕੀਤਾ ਗਿਆ ਹੈ:-

"ਮੈਂ ਇਸ ਇੰਡੀਅਨ ਬਿੱਚ ਕੋਲੋਂ ਇਸ ਗੱਲ ਦਾ ਉਦੋਂ ਬਦਲਾ ਲਵਾਂਗਾ
ਜਦ ਇਸਨੂੰ ਇਸ ਗਲ ਦਾ ਚਿਤ ਚੇਤਾ ਵੀ ਨਾ ਹੋਵੇਗਾ। ਇਹਨੂੰ ਕੀ
ਪਤਾ ਕਿ ਸਾਡੀ ਨੇਸ਼ਨ ਦਾ ਕੀ ਸੁਭਾ ਤੇ ਇਹਦੇ ਚਰਿਤਰ ਦੀ ਕੀ
ਵਿਸ਼ੇਸ਼ਤਾ ਹੈ।"

( ਉਹੀ, ਪੰਨਾ, 45 )

ਪਰੰਤੂ ਉਹ ਕਿਧਰੇ ਵੀ ਬਦਲਾ ਲੈਂਦਾ ਨਜ਼ਰ ਨਹੀਂ ਆਉਂਦਾ, ਸਗੋਂ ਆਪਣੇ ਵਿਹਾਰ ਵਿਚ ਉਹ ਉਹਦੇ ਸਾਹਮਣੇ ਜਾਂ ਉਸਦੀ ਖ਼ੂਬਸੂਰਤੀ ਸਾਹਵੇਂ ਗੋਡੇ ਟੇਕਦਾ ਨਜ਼ਰ ਆਉਂਦਾ ਹੈ। ਸੋ ਹੈਨਰੀ ਜੈਕਸਨ ਦੇ ਕਿਰਦਾਰ ਵਿਚ ਮਾਨਸਿਕਤਾ ਅਤੇ ਵਿਹਾਰ ਵਿਚ ਦਵੰਧ ਪੇਸ਼ ਹੁੰਦਾ ਹੈ। ਹੈਨਰੀ ਦੀ ਮਾਨਸਿਕਤਾ ਨੂੰ ਵੀ ਮੋਨੋਲੋਗ ਦੀ ਜੁਗਤ ਰਾਹੀਂ ਪੇਸ਼ ਕੀਤਾ ਗਿਆ ਹੈ ਕਿਉਂਕਿ  ਉਹ ਮਨ ਹੀ ਮਨ ਪੁਸ਼ਪਿੰਦਰ ਦੇ ਬੱਚੇ ਬਾਰੇ ਬੁਰਾ ਸੋਚਦਾ ਹੈ। ਉਹ ਕਈ ਥਾਈਂ ਪੁਸ਼ਪਿੰਦਰ ਬਾਰੇ ਵੀ ਮਨ ਹੀ ਮਨ ਇਸ ਤਰਾਂ ਸੋਚਦਾ ਹੈ:-

"ਥੈਂਕ ਯੂ ਵੈਰੀ ਮਚ, ਪੁਸ਼ਪਿੰਡਰ!" ਹੈਨਰੀ ਜੈਕਸਨ ਦਿਲ 'ਚ ਬਾਗੋਬਾਗ
ਹੋਇਆ ਕਹਿਣ ਲਗਾ। ਜਾਪਿਆ ਉਸ ਉਹ ਜਾਲ ਸੁੱਟ ਦਿਤਾ ਸੀ ਜਿਸ ਵਿਚ
ਪੁਸ਼ਪਿੰਦਰ ਨਾਂ ਦੀ ਇਸ ਮੱਛੀ ਨੇ ਹੁਣ ਹਰ ਹਾਲਤ ਵਿਚ ਫਸ ਕੇ ਰਹਿਣਾ।
ਹੁਣ ਇਹਨੂੰ ਉਸ ਹੋਣੀ ਕੋਲੋਂ ਕੋਈ ਵੀ ਨਹੀਂ ਬਚਾ ਸਕਦਾ। ਤਦ ਇਹਨੂੰ
ਦਸਾਂਗਾ ਕਿ ਹੈਨਰੀ ਜੈਕਸਨ ਕਿਸ ਚੀਜ਼ ਦਾ ਨਾਂ ਹੈ। ਇਹਨੂੰ ਉਹਦੇ ਨਾਲ
ਕਿਸ ਤਰੀਕੇ ਨਾਲ ਪੇਸ਼ ਆਉਣਾ ਚਾਹੀਦਾ ਸੀ।"

( ਉਹੀ, ਪੰਨਾ, 53 )

ਇਸੇ ਤਰ੍ਹਾਂ ਜਗਜੀਤ ਦੇ ਕਿਰਦਾਰ ਦੇ ਅੰਤਰੀਵ ਪੱਖ ਨੂੰ ਪੇਸ਼ ਕਰਨ ਲਈ ਲੇਖਕ ਨੇ ਮੋਨੋਲੋਗ ਦੀ ਜੁਗਤ ਦੀ ਵਰਤੋਂ ਕੀਤੀ ਹੈ। ਉਹ ਪੁਸ਼ਪਿੰਦਰ ਬਾਰੇ ਮਹਿਸੂਸ ਕਰਦਿਆਂ ਇਸ ਤਰ੍ਹਾਂ ਸੋਚਦਾ ਹੈ:-

"ਇਹ ਗੱਲ ਹੋ ਤਾਂ ਜ਼ਰੂਰ ਸਕਦੀ ਹੈ ਪਰ ਉਸ ਇਹ ਰੁਚੀ ਗ੍ਰਹਿਣ
ਕਿਥੋਂ ਕੀਤੀ ਹੋਵੇਗੀ? ਇਸ ਪ੍ਰਸ਼ਨ ਦੇ ਉਤਰ 'ਚ ਉਹਦੇ ਅੰਦਰੋਂ
ਅਵਾਜ਼ ਆਈ, "ਆਪਣੇ ਮਾਪਿਆਂ ਵਲੋਂ ਗ੍ਰਹਿਣ ਕੀਤੀ ਹੋਵੇਗੀ
ਜਾਂ ਫੇਰ ਆਲੇ ਦੁਆਲੇ 'ਚੋਂ ਲਈ ਹੋਵੇਗੀ। ਹੋਰ ਉਸ ਉਹ ਕਿਥੋਂ
ਲੈਣੀ ਸੀ। ਬੱਚੇ ਆਪਣੇ ਮਾਪਿਆਂ ਕੋਲੋਂ ਈ ਵਿਰਸੇ ਵਿਚ ਬਹੁਤੇ
ਗੁਣ ਅਵਗੁਣ ਲੈਂਦੇ ਹਨ। ਕੁੜੀਆਂ ਦੇ ਸੁਭਾ ਤੇ ਆਦਤਾਂ ਤਾਂ ਬਹੁਤੀਆਂ
ਮਾਵਾਂ 'ਤੇ ਹੀ ਹੁੰਦੀਆਂ ਹਨ। ਵਧੋ ਵਧ ਆਲੇ ਦੁਆਲੇ ਦਾ ਵਾਤਾਵਰਨ
ਜ਼ਿੰਮੇਵਾਰ ਹੋ ਸਕਦਾ ਏ।"

( ਉਹੀ, ਪੰਨਾ, 26 )

ਜਿਥੋਂ ਤਕ ਥੀਮ ਦੀ ਪੇਸ਼ਕਾਰੀ ਦਾ ਸੰਬੰਧ ਹੈ, ਸਮੁੱਚੇ ਨਾਵਲ ਵਿਚ ਥੀਮ ਨਾਲ ਸੰਬੰਧਿਤ ਵਾਕ ਅਤੇ ਪੈਰ੍ਹੇ ਮਿਲ ਜਾਂਦੇ ਹਨ। ਨਾਵਲ ਵਿਚ ਥੀਮ ਨਾਲ ਸੰਬੰਧਿਤ ਵਾਕ ਜਾਂ ਪੈਰ੍ਹੇ ਕਈ ਥਾਈਂ ਖਿਲਰੇ ਪਏ ਹਨ ਜੋ ਨਾਵਲ ਦੀ ਕਹਾਣੀ ਦਾ ਮਕਸਦ ਬਿਆਨ ਕਰਨ ਵਿਚ ਸਹਾਇਕ ਹੁੰਦੇ ਹਨ। ਲੇਕਿਨ ਏਥੇ ਵੀ ਮੋਨੋਲੌਗ ਦੀ ਜੁਗਤ ਹੀ ਵਰਤੀ ਗਈ ਹੈ। ਇਕ ਦੋ ਮਿਸਾਲਾਂ ਪੇਸ਼ ਹਨ:-

"ਜੱਸੀ, ਗਰੀਬੀ-ਭੰਨੇ ਦੇਸ਼ਾਂ ਦੇ ਲੋਕ ਸਦਾ ਅਮੀਰੀ ਹੰਢਾਉਂਦੇ ਮੁਲਕਾਂ
ਵਲ ਜਾਣ ਲਈ ਤਾਂਘਦੇ-ਤੜਫ਼ਦੇ ਰਹਿੰਦੇ ਆ ਤੇ ਉਨ੍ਹਾਂ ਨੇ ਏਦਾਂ ਈ
ਕਰਦੇ ਰਹਿਣਾ ਜਦ ਤਕ ਅਮੀਰੀ-ਗਰੀਬੀ ਜਾਂ ਅਮੀਰ-ਗਰੀਬ ਮੁਲਕਾਂ
'ਚ ਐਨਾ ਪਾੜਾ ਰਹਿਣਾ। ਤੂੰ ਏਸ ਗੱਲ ਨੂੰ ਕੱਚਿਆਂ ਕੋਠਿਆਂ ਨੂੰ ਪੱਕਿਆਂ
'ਚ ਬਦਲਣ ਦੀ ਮਨੁੱਖ ਦੀ ਲਾਲਸਾ ਕਹਿ ਸਕਦਾ ਏਂ।"
( ਉਹੀ, ਪੰਨਾ, 23 )

"ਉਹ ਫਿਰ ਪਹਿਲੀ ਸੋਚਧਾਰਾ 'ਚ ਹੀ ਵਹਿਣ ਲਗ ਪਈ, 'ਇਹ ਗੱਲ
ਤਾਂ ਠੀਕ ਆ ਪਰ ਜੇ ਹੈਨਰੀ ਨੇ ਆਪਣਾ ਮਤਲਬ ਕਢ ਕੇ ਮੈਨੂੰ ਘਰੋਂ
ਧੱਕਾ ਦੇ ਦਿੱਤਾ ਤਾਂ ਮੈਂ ਕਿੱਥੇ ਜਾਵਾਂਗੀ? ਉਹਨੂੰ ਤਦ ਤਕ ਆਪਣੇ
ਨੇੜੇ ਨਾ ਢੁੱਕਣ ਦਈਂ ਜਦ ਤਕ ਤੇਰੇ ਨਾਲ ਵਿਆਹ ਨਹੀਂ ਕਰਾ ਲੈਂਦਾ।
ਵਿਆਹ ਮਗਰੋਂ ਜੇ ਉਹ ਤੈਨੂੰ ਛੱਡੂ ਤਾਂ ਛੱਡ ਦੇਵੇ। ਉਸ ਹਾਲਤ ਵਿਚ
ਤੂੰ ਉਹਦੀ ਇਸ ਕਿੰਗਡਮ ਦੇ ਅੱਧ ਦੀ ਮਾਲਕਣ ਤਾਂ ਬਣ ਹੀ ਜਾਵੇਂਗੀ।
ਹੋਰ ਤੈਨੂੰ ਬਰਤਾਨੀਆ ਦੀ ਕਿੰਗਡਮ ਚਾਹੀਦੀ ਆ? ਫੇਰ ਚੜ੍ਹਦੇ ਤੋਂ ਚੜ੍ਹੇਂਦੇ
ਗਭਰੂ ਤੇਰੇ ਅੱਗੇ ਪਿੱਛੇ ਹੀ ਨਹੀਂ ਫਿਰਨਗੇ, ਜੇ ਉਹ ਤੇਰੇ ਪੈਰ ਚੱਟਣ ਤਕ
ਤਿਆਰ ਨਾ ਹੋਏ ਤਾਂ ਕਹੀਂ। ਆਈ ਸਮਝ? ਮੈਂ ਕੀ ਕਹਿ ਰਹੀ ਹਾਂ?"

( ਉਹੀ, ਪੰਨਾ, 56 )

ਜਿਥੋਂ ਤਕ ਨਾਵਲ ਦੀ ਪੜ੍ਹਣਯੋਗਤਾ ਦਾ ਸਵਾਲ ਹੈ ਉਸ ਵਿਚ ਲੇਖਕ ਕਾਮਯਾਬ ਹੈ ਕਿਉਂਕਿ ਨਾਵਲ ਦੀ ਸਮੁੱਚੀ ਕਹਾਣੀ ਪੜ੍ਹਦਿਆਂ ਪੜ੍ਹਦਿਆਂ ਕਿਤੇ ਅਕੇਵਾਂ ਪੈਦਾ ਨਹੀਂ ਹੁੰਦਾ। ਨਾਵਲ ਦੀ ਕਥਾ ਵਿਚਲੇ ਪਾਤਰਾਂ ਦੀ ਸੋਚ ਨਾਲ ਸਹਿਮਤ ਹੋਇਆ ਜਾਏ ਜਾਂ ਨਾਂਹ ਲੇਕਿਨ ਨਾਵਲ ਦੀ ਕਹਾਣੀ ਵਿਚ ਰਵਾਨੀ ਹੈ । ਇਕ ਵਾਰੀ ਪੜ੍ਹਣਾ ਆਰੰਭ ਕਰ ਕੇ ਪਾਠਕ ਇਸਨੂੰ ਖ਼ਤਮ ਕਰ ਕੇ ਹੀ ਸਾਹ ਲੈਂਦਾ ਹੈ। ਵੈਸੇ ਵੀ ਨਾਵਲ ਦੀ ਇਹ ਕਥਾ ਆਪਣੇ ਅਖੀਰ ਤੇ ਪਹੁੰਚ ਕੇ ਤ੍ਰਾਸਦੀ ਦਾ ਰੂਪ ਅਖਤਿਆਰ ਕਰ ਲੈਂਦੀ ਹੈ ਅਤੇ ਪਾਠਕ ਨੂੰ ਉਦਾਸ ਕਰ ਦੇਂਦੀ ਹੈ।

ਸਮੁੱਚੇ ਨਾਵਲ ਨੂੰ ਪੜ੍ਹਦਿਆਂ ਪਤਾ ਲਗਦਾ ਹੈ ਕਿ ਲੇਖਕ ਨੂੰ ਕਈ ਵਾਕਾਂ ਨਾਲ ਏਨਾ ਮੋਹ ਹੈ ਕਿ ਉਹ ਬਾਰ ਬਾਰ ਉਹਨਾਂ ਦਾ ਦੁਹਰਾਉ ਪੇਸ਼ ਕਰਦਾ ਹੈ। ਮਿਸਾਲ ਵਜੋ ਹੇਠ ਲਿਖਿਤ ਵਾਕ ਨਾਵਲ ਵਿਚ ਕਈ ਵਾਰੀ ਵਰਤੇ ਗਏ ਹਨ:-

"ਕੁਝ ਚਿਰ ਮਗਰੋਂ ਜਗਜੀਤ ਤਾਂ ਨੀਂਦ ਰਾਣੀ ਦੀ ਗੋਦ 'ਚ ਹੁਲਾਰੇ ਲੈਣ ਲਗ ਪਿਆ।"

"ਫਿਰ ਪਤਾ ਹੀ ਨਾ ਰਿਹਾ ਕਦ ਉਹ ਨੀਂਦ ਰਾਣੀ ਦੀ ਗੋਦ 'ਚ ਹੁਲਾਰੇ ਲੈਣ ਲਗ ਪਈ ਸੀ।"
( ਉਹੀ, ਪੰਨਾ, 51 )

ਜਿਥੋਂ ਤਕ ਭਾਸ਼ਾ ਦਾ ਸਵਾਲ ਹੈ, ਕਿਧਰੇ ਕਿਧਰੇ ਸ਼ਬਦ-ਜੋੜਾਂ ਦੀਆਂ ਗ਼ਲਤੀਆਂ ਇਸ ਤਰ੍ਹਾਂ ਪੇਸ਼ ਹੋਈਆਂ ਹਨ ਕਿ ਅਰਥ ਬਦਲ ਜਾਂਦਾ ਹੈ ਜਿਵੇਂ:-

ਖਾਧਿਆਂ-ਪੀਤਿਆਂ ਦੀ ਥਾਂ ਖਾਂਦਿਆਂ-ਪੀਤਿਆਂ ( ਪੰਨਾ, 7 )
ਗਰਦ ਲਾਹੁਣ ਦੀ ਥਾਂ ਗਰਦ ਲਾਉਣ ( ਪੰਨਾ, 78 )
ਭੁਲਣੀ ਚਾਹ ਰਹੀ ਦੀ ਥਾਂ ਭੁਲਣੀ ਚਾਅ ਰਹੀ ( ਪੰਨਾ, 170 )
ਤਿਆਰ ਕਰਨੀ ਚਾਹ ਰਹੀ ਦੀ ਥਾਂ ਚਾਅ ਰਹੀ ( ਪੰਨਾ, 261 )
ਕਿੱਥੇ ਖੋ ਗਿਆ ਦੀ ਥਾਂ ਕਿੱਥੇ ਖੋਹ ਗਿਆ ( ਪੰਨਾ, 174 )

ਇਸ ਨਾਵਲ ਦਾ ਸਿਰਲੇਖ ਨਾਵਲ ਦੇ ਕਵਰ ਤੇ ਦਿੱਤੀ ਗਈ ਤਸਵੀਰ ਤੋਂ ਨਾਵਲ ਦੇ ਥੀਮ ਦੇ ਇਤਿਹਾਸਕ ਹੋਣ ਦਾ ਭੁਲੇਖਾ ਪਾਉਂਦਾ ਹੈ ਲੇਕਿਨ ਨਾਵਲ ਦੇ ਪਾਠ ਉਪਰਾਂਤ ਉਹ ਭੁਲੇਖਾ ਸਪਸ਼ਟ ਹੋ ਜਾਂਦਾ ਹੈ। ਵੈਸੇ ਵੀ ਮੈਨੂੰ 'ਸਲਤਨਤ' ਸਿਰਲੇਖ ਇਸ ਨਾਵਲ ਦੀ ਕਥਾ ਨਾਲ ਮੇਲ

ਖਾਂਦਾ ਘੱਟ ਜਾਪਦਾ ਹੈ। 'ਸਲਤਨਤ' ਆਪਣੇ ਆਪ ਵਿਚ ਬੜ੍ਹੇ ਵਿਸਤਰਿਤ ਅਰਥਾਂ ਦਾ ਧਾਰਨੀ ਹੈ ਅਤੇ ਇਸ ਨਾਵਲ ਦੀ ਕਥਾ ਇਕ ਕੁੜ੍ਹੀ ਦੇ ਉਸ ਲਾਲਚ ਅਤੇ ਮਾਨਸਿਕ ਅਸੰਤੁਲਨ ਦੀ ਕਹਾਣੀ ਹੈ ਜੋ ਸਮੁੱਚੀ ਔਰਤ ਜਾਤ ਦੇ ਨਾਂਹਮੁਖੀ ਕਿਰਦਾਰ ਨੂੰ ਪੇਸ਼ ਕਰਦੀ ਹੈ। ਇਹ ਮੇਰਾ ਵਿਚਾਰ ਹੈ ਜਿਸ ਨਾਲ ਸਹਿਮਤ ਜਾਂ ਅਸਹਿਮਤ ਹੋਇਆ ਜਾ ਸਕਦਾ ਹੈ।

*******************************************